# ਪੰਜਾਬੀ ਡਾਇਸਪੋਰਾ ਦਾ ਦਸਤਾਵੇਜ਼ੀ ਬਿਰਤਾਂਤ : **ਰਣਭੂਮੀ**

ਦਰਸ਼ਨ ਧੀਰ ਪੰਜਾਬੀ ਦੇ ਉਨ੍ਹਾਂ ਸਮਕਾਲੀ ਲੇਖਕਾਂ ਵਿਚੋਂ ਹੈ ਜਿਨ੍ਹਾਂ ਨੇ ਆਪਣੀਆਂ ਲਿਖਤਾਂ ਦੇ ਮਾਧਿਅਮ ਰਾਹੀਂ ਪੰਜਾਬੀ ਵਿਚ ਪ੍ਰਵਾਸੀ ਸਾਹਿਤ ਦੀ ਪਰੰਪਰਾ ਦਾ ਮੁੱਢ ਬੰਨ੍ਹਣ ਦਾ ਉਪਰਾਲਾ ਕੀਤਾ ਹੈ। ਉਸਦੇ ਹੁਣ ਤਕ ਛੇ ਕਹਾਣੀ-ਸੰਗ੍ਰਹਿ - **ਲੂਣੀ ਮਹਿਕ, ਮਰਦਾ ਸੱਚ, ਦਿਸਹੱਦੇ ਤੋਂ ਪਾਰ, ਡਰਿਆ ਮਨੁੱਖ, ਸ਼ੀਸ਼ੇ ਦੇ ਟੁਕੜੇ ਅਤੇ ਦੌੜ** - ਅਤੇ ਅੱਠ ਨਾਵਲ - **ਆਪਣੇ ਆਪਣੇ ਰਾਹ, ਸੰਘਰਸ਼, ਧੁੰਦਲਾ ਸੂਰਜ, ਲਕੀਰਾਂ ਤੇ ਮਨੁੱਖ, ਇਹ ਲੋਕ, ਪੈੜਾਂ ਦੇ ਆਰ ਪਾਰ ਅਤੇ ਅਜਨਬੀ ਚਿਹਰੇ** ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਕਹਾਣੀਆਂ ਅਤੇ ਨਾਵਲਾਂ ਵਿਚ ਉਸਨੇ ਮੁੱਖ ਤੌਰ ਤੇ ਓਪਰੇ ਸਮਾਜ-ਸਭਿਆਚਾਰ ਵਿਚ ਵਿਚਰਦੇ ਪ੍ਰਵਾਸੀ ਬੰਦੇ ਦੇ ਅਨੁਭਵ ਅਤੇ ਬੋਧ ਨਾਲ ਸਿਰਜਣਾ ਦਾ ਸਰੋਕਾਰ ਜੋੜਿਆ ਹੈ। ਉਸਨੇ ਖ਼ਾਸ ਤੌਰ ਤੇ ਪ੍ਰਵਾਸੀਆਂ ਦੀ ਸਮੱਸਿਆਵਾਂ ਵਿਚ ਘਿਰੀ ਹੋਂਦ, ਉਨ੍ਹਾਂ ਦੀ ਸੰਘਰਸ਼ ਭਰਪੂਰ ਜ਼ਿੰਦਗੀ ਅਤੇ ਉਨ੍ਹਾਂ ਦੇ ਸੰਕਟ ਅਤੇ ਸੰਤਾਪ ਨੂੰ ਜ਼ੁਬਾਨ ਦਿੱਤੀ ਹੈ। **ਰਣਭੂਮੀ** ਇਸ ਸਮਰੱਥਾਵਾਨ ਗਲਪਕਾਰ ਦਾ ਨਵ-ਪ੍ਰਕਾਸ਼ਿਤ ਨਾਵਲ ਹੈ। ਭਾਵੇਂ ਇਸ ਨਾਵਲ ਦੀ ਕਥਾ-ਵਸਤੂ ਵੀ ਉਸਦੇ ਕਈ ਹੋਰਨਾਂ ਨਾਵਲਾਂ - ਜਿਵੇਂ **ਇਹ ਲੋਕ**, **ਲਕੀਰਾਂ ਤੇ ਮਨੁੱਖ** ਆਦਿ - ਵਾਂਗ ਪ੍ਰਵਾਸ ਦੇ ਆਰ ਪਾਰ ਫਲੀ ਹੋਈ ਹੈ ਪਰ ਮੂਲ ਰੂਪ ਵਿਚ ਇਹ ਪ੍ਰਵਾਸ ਨਾਲ ਜੁੜੇ ਮਸਲਿਆਂ ਅਤੇ ਸਰੋਕਾਰਾਂ ਨੂੰ ਹੀ ਸੰਬੋਧਿਤ ਹੁੰਦਾ ਹੈ। ਇਕ ਲਿਹਾਜ਼ ਨਾਲ ਇਹ ਨਾਵਲ ਆਪਣੇ ਸਰਲ ਅਤੇ ਇਕਹਿਰੇ ਕਥਾ-ਪ੍ਰਬੰਧ ਰਾਹੀਂ ਪ੍ਰਵਾਸ ਦਾ ਦਸਤਾਵੇਜ਼ੀ ਬਿਰਤਾਂਤ ਉਸਾਰਨ ਵਲ ਰੁਚਿਤ ਹੁੰਦਾ ਹੈ ਜਿਸਦਾ ਆਪਣਾ ਮਹੱਤਵ ਹੈ।

ਇਸ ਨਾਵਲ ਨੂੰ ਪੰਜਾਬੀ ਡਾਇਸਪੋਰਾ ਦੇ ਹਵਾਲੇ ਨਾਲ ਵਾਚਣ ਲਈ ਸੱਭ ਤੋਂ ਪਹਿਲਾਂ ਡਾਇਸਪੋਰਾ ਦੇ ਸੰਕਲਪ ਅਤੇ ਸਰੂਪ ਬਾਰੇ ਚਰਚਾ ਕਰਨੀ ਬਣਦੀ ਹੈ। ਡਾਇਸਪੋਰਾ diaspora ਜਾਂ ਪ੍ਰਵਾਸ ਵਿਸ਼ਵ-ਵਿਆਪੀ ਵਰਤਾਰਾ ਹੈ ਜਿਸਦੀਆਂ ਜੜ੍ਹਾਂ ਪੁਰਾਤਨ ਕਾਲ ਵਿਚ ਯਹੂਦੀ ਕਬੀਲਿਆਂ ਦੀ ਮਿਸਰ ਵਿਚੋਂ ਸਾਮੂਹਿਕ ਜਲਾਵਤਨੀ ਦੀ ਘਟਨਾ ਤਕ ਫੈਲੀਆਂ ਹੋਈਆਂ ਹਨ। ਮਿਸਰ ਦੇ ਤਾਨਾਸ਼ਾਹੀ ਹਾਕਮਾਂ ਦੇ ਦਮਨ ਦਾ ਸ਼ਿਕਾਰ ਹੋਣ ਵਾਲੇ ਇਹ ਯਹੂਦੀ ਕਬੀਲੇ ਪੈਗ਼ੰਬਰ ਮੂਸਾ ਦੀ ਅਗਵਾਈ ਵਿਚ ਆਪਣੀ ਪਿਤਰ-ਭੂਮੀ ਨੂੰ ਛੱਡ ਕੇ ਓਪਰੀਆਂ ਧਰਤੀਆਂ ਵਿਚ ਬਿਖਰ ਗਏ ਸਨ। ਮੂਸਾ ਨੇ ਆਪਣੇ ਇਨ੍ਹਾਂ ਪੈਰੋਕਾਰਾਂ ਦੇ ਮਨ ਵਿਚ ਦੈਵੀ ਇਕਰਾਰ ਅਨੁਸਾਰ ਪ੍ਰਾਪਤ ਹੋਣ ਵਾਲੀ ਅਜਿਹੀ ਧਰਤੀ ਦਾ ਸੁਪਨਾ ਬੀਜ ਦਿੱਤਾ ਸੀ ਜਿਸ ਉੱਤੇ ਅਧਿਕਾਰ ਪ੍ਰਾਤਪ ਕਰਕੇ ਇਹ ਲੋਕ ਅਮਨ ਚੈਨ ਨਾਲ ਜਿਉਂ ਸਕਦੇ ਸਨ। ਓਪਰੀਆਂ ਧਰਤੀਆਂ ਵਿਚ ਬਿਖਰੀ-ਖਿਲਰੀ ਇਸ ਯਹੂਦੀ ਕੌਮ ਨੂੰ ਉਹ ਇਕਰਾਰੀ ਧਰਤੀ Promised Land ਹਾਸਿਲ ਕਰਨ ਲਈ ਕਿੰਨਾ ਸੰਕਟ ਅਤੇ ਸੰਤਾਪ ਭੋਗਣਾ ਪਿਆ ਅਤੇ ਮੁਕਾਮੀ ਕਬੀਲਿਆਂ ਨਾਲ ਕਿੰਨਾ ਸੰਘਰਸ਼ ਕਰਨਾ ਪਿਆ, ਇਹ ਗੱਲ ਸਾਰੇ ਜਾਣਦੇ ਹਨ। ਪਰ ਇਸ ਨਾਲੋਂ ਵੀ ਮਹੱਤਵਪੂਰਣ ਗੱਲ ਇਹ ਹੈ ਕਿ ਇਸ ਚੁਣੌਤੀਆਂ ਭਰੀ ਪ੍ਰਵਾਸੀ ਸਥਿਤੀ ਨੇ ਯਹੂਦੀ ਡਾਇਸਪੋਰਾ ਨੂੰ ਨਵੇਕਲੀ ਪਛਾਣ ਹੀ ਪ੍ਰਦਾਨ ਨਹੀਂ ਕੀਤੀ ਸਗੋਂ ਉਸ ਅੰਦਰ ਬੌਧਿਕ ਅਤੇ ਵਿਹਾਰਕ ਖੇਤਰਾਂ ਵਿਚ ਮੱਲਾਂ ਮਾਰਨ ਦੀ ਸ਼ਕਤੀ ਅਤੇ ਸਮਰੱਥਾ ਵੀ ਪੈਦਾ ਕੀਤੀ ਹੈ। ਅਜੋਕੇ

ਸੰਦਰਭ ਵਿਚ ਡਾਇਸਪੋਰਾ ਦਾ ਸੰਕਲਪ ਇਸੇ ਕਿਸਮ ਦੀ **ਇਕਰਾਰੀ ਧਰਤੀ** ਲਈ ਸੰਘਰਸ਼ ਕਰਨ ਵਾਲੇ ਸਮੂਹ ਪ੍ਰਵਾਸੀਆਂ ਦਾ ਲਖਇਕ ਬਣ ਗਿਆ ਹੈ ਜੋ ਕਿਸੇ ਮਜਬੂਰੀ ਵੱਸ ਨਹੀਂ ਸਗੋਂ ਮਨਮਰਜ਼ੀ ਨਾਲ ਜਲਾਵਤਨੀ ਦਾ ਸੰਤਾਪ ਜਰਦੇ ਹਨ ਅਤੇ ਆਪਣੀ ਨਵੇਕਲੀ ਸ਼ਕਤੀ ਅਤੇ ਪਹਿਚਾਨ ਬਣਾਉਣ ਦਾ ਆਹਰ ਕਰਦੇ ਹਨ।

ਵਿਸ਼ਵੀਕਰਣ ਦੇ ਵਰਤਮਾਨ ਦੌਰ ਵਿਚ ਇਕ ਵਾਰੀ ਫੇਰ ਗਲੋਬਲ ਪੱਧਰ ਉੱਤੇ ਮਨੁੱਖੀ ਭਾਈਚਾਰਿਆਂ ਦਾ ਇਸੇ ਕਿਸਮ ਦਾ ਵਿਆਪਕ ਬਿਖਰਾਉ - dispersal – ਦ੍ਰਿਸ਼ਟੀਗੋਚਰ ਹੋ ਰਿਹਾ ਹੈ ਜਿਸਨੂੰ ਸਭਿਆਚਾਰਕ ਅਧਿਐਨ ਨਾਲ ਸੰਬੰਧਿਤ ਚਿੰਤਕਾਂ ਨੇ ਪ੍ਰਵਾਸ ਜਾਂ ਡਾਇਸਪੋਰਾ ਦਾ ਨਵਾਂ ਰੁਝਾਨ ਆਖਿਆ ਹੈ। ਦੁਨੀਆਂ ਭਰ ਦੇ ਇਨ੍ਹਾਂ ਪ੍ਰਵਾਸੀ ਸਮੂਹਾਂ ਵਿਚ ਪੰਜਾਬੀ ਡਾਇਸਪੋਰਾ ਨੇ ਵੀ ਆਪਣੀ ਨਵੇਕਲੀ ਪਛਾਣ ਬਣਾਉਣ ਦਾ ਉੱਦਮ ਕੀਤਾ ਹੈ। ਇਸ ਮਹੱਤਵਪੂਰਣ ਵਰਤਾਰੇ ਦਾ ਸਾਹਿਤ-ਸਿਰਜਣਾ ਨੂੰ ਪ੍ਰਭਾਵਿਤ ਕਰਨਾ ਵੀ ਸੁਭਾਵਕ ਹੀ ਸੀ। ਇਸੇ ਚੇਤਨਾ ਅਧੀਨ ਪੰਜਾਬੀ ਵਿਚ ਪ੍ਰਵਾਸੀ ਸਾਹਿਤ ਦਾ ਨਵਾਂ ਸੰਕਲਪ ਉੱਭਰ ਕੇ ਸਾਮ੍ਹਣੇ ਆਇਆ ਹੈ। ਵਿਦੇਸ਼ਾਂ ਵਿਚ ਵਸਦੇ-ਵਿਚਰਦੇ ਪੰਜਾਬੀ ਭਾਈਚਾਰਿਆਂ ਦੀਆਂ ਆਪਣੀਆਂ ਹੋਂਦ-ਮੁਖੀ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਪ੍ਰਵਾਸੀ ਲੇਖਕਾਂ ਨੇ ਆਪੋ ਆਪਣੇ ਅੰਦਾਜ਼ ਨਾਲ ਨਜਿਠਣ ਦੀ ਚੇਸ਼ਟਾ ਕੀਤੀ ਹੈ।

ਨਾਵਲ ਅਜੋਕੇ ਸਮੇਂ ਵਿਕਸਿਤ ਹੋਇਆ ਸਾਹਿਤ ਦਾ ਉਹ ਰੂਪ ਹੈ ਜਿਹੜਾ ਬਿਰਤਾਂਤ ਦੇ ਮਾਧਿਅਮ ਰਾਹੀਂ ਮਨੁੱਖੀ ਜੀਵਨ ਦੇ ਯਥਾਰਥ ਨੂੰ ਕਲਪਨਾਸ਼ੀਲ ਢੰਗ ਨਾਲ ਪੁਨਰ-ਸਿਰਜਿਤ ਕਰਨ ਵਲ ਰੁਚਿਤ ਹੁੰਦਾ ਹੈ। ਇਹ ਯਥਾਰਥ ਦਾ ਨਿਰੋਲ ਚਿਤਰਣ ਜਾਂ ਅਨੁਕਰਣ ਪੇਸ਼ ਨਹੀਂ ਕਰਦਾ ਸਗੋਂ ਘਟਨਾਵੀ ਵਿਵੇਕ ਰਾਹੀਂ ਉਸ ਨਾਲ ਰਚਨਾਤਮਕ ਸੰਵਾਦ ਰਚਾਉਣ ਦੀ ਚੇਸ਼ਟਾ ਕਰਦਾ ਹੈ। ਇਹੀ ਕਾਰਣ ਹੈ ਕਿ ਹਰ ਨਾਵਲੀ ਲਿਖਤ ਅਰਥਾਂ ਦੀ ਉਸਾਰੀ ਕਰਨ ਵਾਲੇ ਸਿਰਜਿਤ ਪ੍ਰਵਚਨ ਦੇ ਰੂਪ ਵਿਚ ਉਜਾਗਰ ਹੁੰਦੀ ਹੈ। ਅਜਿਹੀ ਸਥਿਤੀ ਵਿਚ **ਰਣਭੂਮੀ** ਨਾਵਲ ਦੇ ਸਿਰਜਿਤ ਸੰਸਾਰ ਅਤੇ ਇਸਦੀ ਅਰਥ-ਸਾਰਥਕਤਾ ਦਾ ਰਹੱਸ ਤਲਾਸ਼ ਕਰਨ ਲਈ ਸੱਭ ਤੋਂ ਪਹਿਲਾਂ ਇਸਦੀ ਕਥਾ-ਵਸਤੂ ਅਤੇ ਇਸਦੇ ਘਟਨਾਵੀ ਵਿਵੇਕ ਨਾਲ ਸਾਂਝ ਪਾਉਣੀ ਬਣਦੀ ਹੈ।

ਨਾਵਲ ਦਾ ਆਰੰਭ ਇੰਗਲੈਂਡ ਦੇ ਬਰਮਿੰਘਮ ਸ਼ਹਿਰ ਦੇ ਰੇਲਵੇ ਸਟੇਸ਼ਨ ਉੱਤੇ ਦੋ ਪਾਤਰਾਂ (ਕਰਮਜੀਤ ਅਤੇ ਰਵਿੰਦਰ) ਦੀ ਅਚਨਚੇਤੀ ਮੁਲਾਕਾਤ ਨਾਲ ਹੁੰਦਾ ਹੈ। ਇਹ ਦੋਵੇਂ ਪਾਤਰ ਇਕ-ਦੂਸਰੇ ਦੇ ਪਰਿਚਿਤ ਹੀ ਨਹੀਂ ਸਗੋਂ ਕਿਸੇ ਸਮੇਂ ਰੋਮਾਨੀ ਪਿਆਰ-ਅਨੁਭਵ ਦੇ ਅੰਤਰੰਗ ਛਿਣਾਂ ਵਿਚੋਂ ਵੀ ਲੰਘ ਚੁੱਕੇ ਹਨ। ਇਹ ਦੋਵੇਂ ਪਾਤਰ ਭਿੰਨ-ਭਿੰਨ ਸਥਿਤੀਆਂ ਵਿਚੋਂ ਗੁਜ਼ਰਦੇ ਹੋਏ ਪੰਜਾਬ ਦੀ ਧਰਤੀ ਤੋਂ ਪ੍ਰਵਾਸ ਕਰਕੇ ਬਰਤਾਨੀਆਂ ਪਹੁੰਚੇ ਹਨ। ਇਨ੍ਹਾਂ ਦੇ ਪ੍ਰਵਾਸ ਦਾ ਆਪੋ ਆਪਣਾ ਇਤਿਹਾਸ ਹੈ।

ਬਹੁਤ ਵਰ੍ਹੇ ਪਹਿਲਾਂ ਕਰਮਜੀਤ ਬੀ. ਏ., ਬੀ-ਐਡ ਕਰਕੇ ਡੀ. ਏ. ਵੀ. ਹਾਈ ਸਕੂਲ, ਫਲੌਰ ਵਿਚ ਨਵਾਂ ਨਵਾਂ ਅਧਿਆਪਕ ਲੱਗਾ ਸੀ। ਇਥੇ ਹੀ ਉਸਦੀ ਮੁਲਾਕਾਤ ਇਕ ਸਹਿਯੋਗੀ ਦੇ ਰੂਪ ਵਿਚ ਰਵਿੰਦਰ ਰਾਏ ਨਾਲ ਹੋਈ ਸੀ ਅਤੇ ਛੇਤੀ ਹੀ ਦੋਹਾਂ ਦਾ ਆਪਸ ਵਿਚ ਪਿਆਰ ਪੈ ਗਿਆ ਸੀ। ਸੁਭਾਵਕ ਹੀ ਉਨ੍ਹਾਂ ਮਨ ਵਿਚ ਇਸ ਪਿਆਰ-ਸੰਬੰਧ ਨੂੰ ਵਿਆਹ-ਬੰਧਨ ਵਿਚ ਢਾਲਣ ਦੀ ਰੀਝ ਪੈਦਾ ਹੋਈ। ਪਰ ਇਸ ਰਿਸ਼ਤੇ ਦੇ ਰਾਹ ਵਿਚ ਕਈ ਰੁਕਾਵਟਾਂ ਸਨ। ਕਰਮਜੀਤ ਪੇਂਡੂ ਪਿਛੋਕੜ ਵਾਲੇ ਨਿਮਨ-ਕਿਸਾਨੀ ਵਰਗ ਨਾਲ ਸੰਬੰਧਿਤ ਸੁਨੱਖਾ, ਸਾਦਗੀ ਭਰਪੂਰ,

ਮਿਹਨਤੀ, ਅਤੇ ਹੋਣਹਾਰ ਨੌਜਵਾਨ ਸੀ ਜਦੋਂ ਕਿ ਰਵਿੰਦਰ ਰਾਏ ਸ਼ਹਿਰੀ ਪਿਛੋਕੜ ਵਾਲੇ ਅਮੀਰ ਖੱਤਰੀ ਪਰਿਵਾਰ ਦੀ ਧੀ ਸੀ। ਉਸਦੇ ਪਿਤਾ ਪੁਲਿਸ ਮਹਿਕਮੇ ਵਿਚ ਉੱਚ ਅਧਿਕਾਰੀ (ਐਸ. ਪੀ) ਸਨ। ਉਹ ਆਪਣੀ ਧੀ ਦਾ ਰਿਸ਼ਤਾ ਆਪਣੀ ਜਾਤੀ ਨਾਲ ਸੰਬੰਧਿਤ ਕਿਸੇ ਅਮੀਰ ਘਰਾਣੇ ਵਿਚ ਕਰਨਾ ਚਾਹੁੰਦੇ ਸਨ। ਰੂੜ੍ਹੀਵਾਦੀ ਕਦਰਾਂ-ਕੀਮਤਾਂ ਅਤੇ ਜਾਤੀਗਤ ਸੰਸਕਾਰਾਂ ਨੂੰ ਪਹਿਲ ਦੇਣ ਵਾਲੀ ਪ੍ਰਚੱਲਤ ਵਿਆਹ-ਪ੍ਰਥਾ ਅਨੁਸਾਰ ਰਵਿੰਦਰ ਦੇ ਮਾਪੇ ਇਸ ਕਿਸਮ ਦੇ ਅੰਤਰ-ਜਾਤੀ ਰਿਸ਼ਤੇ ਨੂੰ ਪਰਿਵਾਰਕ ਨਮੋਸ਼ੀ ਦਾ ਕਾਰਣ ਸਮਝਦੇ ਸਨ। ਜਾਤ ਅਤੇ ਧਰਮ ਤੋਂ ਇਲਾਵਾ ਇਸ ਰਿਸ਼ਤੇ ਦੀ ਸੱਭ ਤੋਂ ਵੱਡੀ ਰੁਕਾਵਟ ਅਮੀਰੀ/ਗਰੀਬੀ ਦਾ ਪਾੜਾ ਵੀ ਸੀ ਜਿਸਨੂੰ ਉਹ ਉੱਕਾ ਹੀ ਨਜ਼ਰੰਦਾਜ਼ ਨਹੀਂ ਸਨ ਕਰ ਸਕਦੇ। ਨਾਵਲਕਾਰ ਨੇ ਰੂੜ੍ਹੀਵਾਦੀ ਸੰਸਕਾਰਾਂ ਵਾਲੀ ਇਸ ਵਿਆਹ-ਪ੍ਰਥਾ ਨੂੰ ਸਮੁੱਚੇ ਨਾਵਲੀ ਬਿਰਤਾਂਤ ਵਿਚ ਕੇਂਦਰੀ ਮਹੱਤਵ ਪ੍ਰਦਾਨ ਕੀਤਾ ਹੈ। ਪ੍ਰਵਾਸੀ ਪੰਜਾਬੀ ਭਾਈਚਾਰਾ ਇੰਗਲੈਂਡ ਵਰਗੇ ਉਦਾਰ ਸਾਮਾਜਿਕ ਮਾਹੌਲ ਵਿਚ ਵੀ ਥੋੜਾ ਕੀਤੇ ਆਪਣੇ ਇਸ ਅਤੀਤ-ਮੁਖੀ ਸਭਿਆਚਾਰਕ ਵਿਰਸੇ ਨੂੰ ਨਕਾਰ ਨਹੀਂ ਸਕਦਾ। ਉਹ ਜੀਵਨ ਦੇ ਹੋਰਨਾਂ ਖੇਤਰਾਂ ਵਿਚ ਤਾਂ ਆਧੁਨਿਕਤਾ ਅਤੇ ਨਵੀਨਤਾ ਦਾ ਹਾਮੀ ਹੈ ਪਰ ਜਦੋਂ ਧੀਆਂ ਪੁੱਤਰਾਂ ਦੇ ਰਿਸ਼ਤੇ ਗੱਲ ਸਾਮ੍ਹਣੇ ਆਉਂਦੀ ਹੈ ਤਾਂ ਉਸਦੇ ਅਵਚੇਤਨ ਵਿਚ ਵਸੇ ਹੋਏ ਰੂੜ੍ਹੀਵਾਦੀ ਸੰਸਕਾਰ ਜਾਗ ਪੈਂਦੇ ਹਨ।

ਨਾਵਲ ਵਿਚ ਇਸੇ ਕਿਸਮ ਦੀਆਂ ਸਮਾਨੰਤਰ ਸਥਿਤੀਆਂ ਨੂੰ ਵਿਭਿੰਨ ਪਾਤਰਾਂ ਦੇ ਸੰਦਰਭ ਵਿਚ ਕਈ ਥਾਵਾਂ ਤੇ ਦੁਹਰਾਇਆ ਗਿਆ ਹੈ। ਮਿਸਾਲ ਵਜੋਂ ਇੰਗਲੈਂਡ ਵਸਦੇ ਇਕ ਹੋਰ ਪ੍ਰਵਾਸੀ ਪੰਜਾਬੀ ਪਰਿਵਾਰ ਦੀ ਧੀ, ਪਰਮਿੰਦਰ, ਆਪਣੇ ਸਕੂਲ ਦੇ ਸਹਿਪਾਠੀ ਹਰਦੇਵ ਰੀਹਲ ਨੂੰ ਪਿਆਰ ਕਰਦੀ ਹੈ ਪਰ ਉਹ ਉਸਦੀ ਜੀਵਨ-ਸਾਥਣ ਨਹੀਂ ਬਣ ਸਕਦੀ ਕਿਉਂਜੋ ਉਨ੍ਹਾਂ ਦੋਹਾਂ ਵਿਚਕਾਰ ਜਾਤੀਗਤ ਸੰਸਕਾਰ ਆ ਖਲੋਂਦੇ ਹਨ। ਪਰਮਿੰਦਰ ਜੱਟਾਂ ਦੀ ਧੀ ਹੈ ਜਦੋਂ ਕਿ ਹਰਦੇਵ ਰੀਹਲ ਰਾਮਗੜ੍ਹੀਆ ਬਰਾਦਰੀ ਨਾਲ ਸੰਬੰਧਿਤ ਹੈ। ਪਰਮਿੰਦਰ ਦੇ ਮਾਪੇ ਆਪਣੀ ਪਰਿਵਾਰਕ ਨੇਕਨਾਮੀ ਨੂੰ ਪਹਿਲ ਦੇਣ ਕਾਰਣ ਇਸ ਅੰਤਰ-ਜਾਤੀ ਵਿਆਹ ਦੇ ਵਿਰੋਧੀ ਹਨ। ਉਹ ਜਜ਼ਬਾਤੀ ਦਬਾਉ ਪਾ ਕੇ ਆਪਣੀ ਧੀ ਨੂੰ ਆਪਣੀ ਜੱਟ ਬਰਾਦਰੀ ਦੇ ਕਰਮਜੀਤ ਉੱਪਲ ਨਾਲ ਵਿਆਹ ਦਿੰਦੇ ਹਨ।

ਅੰਤਰ-ਜਾਤੀ ਵਿਆਹ ਦੀ ਇਸੇ ਸਥਿਤੀ ਨੂੰ ਨਾਵਲਕਾਰ ਨੇ ਨਾਵਲ ਦੇ ਅੰਤ ਉੱਤੇ ਇਕ ਵਾਰੀ ਫੇਰ ਦੁਹਰਾਇਆ ਹੈ। ਇਸ ਵਾਰੀ ਮਸਲਾ ਕਰਮਜੀਤ ਅਤੇ ਪਰਮਿੰਦਰ ਦੀ ਧੀ ਨਵਕਿਰਨ ਦੇ ਵਿਆਹ ਦਾ ਬਣ ਜਾਂਦਾ ਹੈ। ਨਵਕਿਰਨ ਆਪਣੇ ਸਹਿਪਾਠੀ ਅਜੈ ਨੂੰ ਪਿਆਰ ਕਰਦੀ ਹੈ ਜੋ ਪੰਜਾਬੀ ਖਤਰੀ (ਬੇਦੀ) ਪਰਿਵਾਰ ਨਾਲ ਸੰਬੰਧਿਤ ਹੈ। ਨਵਕਿਰਨ ਇਹ ਵੀ ਦਲੀਲ ਦਿੰਦੀ ਹੈ ਸਿੱਖਾਂ ਦੇ ਗੁਰੂ ਨਾਨਕ ਦੇਵ ਵੀ ਤਾਂ ਬੇਦੀ ਖਤਰੀ ਪਰਿਵਾਰ ਨਾਲ ਸੰਬੰਧਿਤ ਸਨ ਪਰ ਨਵਕਿਰਨ ਦੇ ਮਾਪੇ ਆਪਣੀ ਉਸੇ ਰੂੜ੍ਹੀਵਾਦੀ ਮਾਨਸਿਕਤਾ ਕਾਰਣ ਇਸ ਰਿਸ਼ਤੇ ਨੂੰ ਪ੍ਰਵਾਨ ਨਹੀਂ ਕਰਦੇ। ਵਿਰੋਧਾਭਾਸ ਇਹ ਹੈ ਕਿ ਓਹੀ ਕਰਮਜੀਤ ਜੋ ਪਿਆਰ ਦੀ ਖ਼ਾਤਿਰ ਖ਼ੁਦ ਖਤਰੀਆਂ ਦੀ ਧੀ ਰਵਿੰਦਰ ਨਾਲ ਵਿਆਹ ਰਚਾਉਣਾ ਲੋਚਦਾ ਸੀ ਹੁਣ ਆਪਣੀ ਧੀ ਨਵਕਿਰਨ ਦੇ ਬੇਦੀ ਖਤਰੀ ਪਰਿਵਾਰ ਨਾਲ ਰਿਸ਼ਤੇ ਦਾ ਸਖ਼ਤ ਵਿਰੋਧੀ ਬਣ ਜਾਂਦਾ ਹੈ। ਇਥੋਂ ਤਕ ਕਿ ਉਹ ਨਵਕਿਰਨ ਨੂੰ ਮਾਰਨ ਮੁਕਾਉਣ ਤੇ ਉਤਾਰੂ ਹੋ ਜਾਂਦਾ ਹੈ।

ਅਸਲ ਵਿਚ ਇਹ ਸਥਿਤੀ ਪਰੰਪਰਕ ਜੀਵਨ-ਵਿਧੀ ਅਤੇ ਆਧੁਨਿਕ ਸੋਚ ਵਿਚਕਾਰ ਤਣਾਉ ਦੀ ਲਖਾਇਕ ਹੈ। ਜਾਗੀਦਾਰੀ ਵਿਰਸੇ ਦੀਆਂ ਸਮੂਹਵਾਦੀ ਕਦਰਾਂ-ਕੀਮਤਾਂ ਆਧੁਨਿਕ ਚੇਤਨਾ ਦੇ ਅੰਤਰਗਤ ਪੈਦਾ ਹੋ ਰਹੀ ਵਿਅਕਤੀਵਾਦੀ ਸੋਚ ਨਾਲ ਟਕਰਾਉਂਦੀਆਂ ਹਨ। ਸਮੂਹ ਆਪਣੀਆਂ ਪਰੰਪਰਕ ਰੀਤਾਂ ਅਤੇ ਰਵਾਇਤਾਂ ਦੀ ਰਾਖੀ ਲਈ ਵਿਅਕਤੀਗਤ ਕਾਮਨਾ ਉੱਤੇ ਅੰਕੁਸ਼ ਜਾਂ ਸੰਜਮ ਲਾਉਣਾ ਲੋਚਦਾ ਹੈ ਜਦੋਂ ਕਿ ਵਿਅਕਤੀ ਆਧੁਨਿਕ ਚੇਤਨਾ ਅਧੀਨ ਆਪਣੀਆਂ ਰੋਮਾਨੀ ਕਾਮਨਾਵਾਂ ਦੀ ਪੂਰਤੀ ਤਲਾਸ਼ਦਾ ਹੈ। ਪ੍ਰਵਾਸ ਦੇ ਆਰ ਪਾਰ ਫੈਲਿਆ ਹੋਇਆ ਪੰਜਾਬੀ ਭਾਈਚਾਰਾ ਮਨੁੱਖੀ ਰਿਸ਼ਤਿਆਂ ਦੀ ਇਸੇ ਕਿਸਮ ਦੀ ਸੰਘਰਸ਼ਸ਼ੀਲ ਸਥਿਤੀ ਥਾਣੀਂ ਲੰਘਦਾ ਹੈ। ਸ਼ਾਇਦ ਇਸੇ ਚੇਤਨਾ ਅਧੀਨ ਹੀ ਲੇਖਕ ਨੇ ਆਪਣੇ ਨਾਵਲ ਦਾ ਨਾਮ ਰਣਭੂਮੀ ਰੱਖਿਆ ਹੈ ਕਿਉਂਜੋ ਵਿਅਕਤੀ ਨੂੰ ਆਪਣਾ ਪਿਆਰ ਵਰਗਾ ਸਹਿਜ ਮਾਨਵੀ ਰਿਸ਼ਤਾ ਪੁਗਾਉਣ ਲਈ ਸੰਕੇਤਕ ਤੌਰ ਤੇ ਕਾਮਨਾ ਅਤੇ ਸੰਜਮ ਦੀ ਇਸ ਰਣਭੂਮੀ ਵਿਚੋਂ ਗੁਜ਼ਰਨਾ ਪੈਂਦਾ ਹੈ। ਨਾਵਲ ਵਿਚ ਪੇਸ਼ ਹੋਇਆ ਪ੍ਰਵਾਸੀ ਪੰਜਾਬੀ ਭਾਈਚਾਰਾ, ਡੂੰਘੇ ਅੰਤਰ-ਵਿਰੋਧਾਂ ਵਿਚ ਘਿਰਿਆ ਹੋਇਆ, ਵਿਆਹ-ਪ੍ਰਥਾ ਨਾਲ ਸੰਬੰਧਿਤ ਪਰੰਪਰਕ ਕਦਰਾਂ-ਕੀਮਤਾਂ ਅਤੇ ਸੰਸਕਾਰਾਂ ਨੂੰ ਨਕਾਰਨ ਲਈ ਤਿਆਰ ਨਹੀਂ। ਅਜਿਹੀ ਸਥਿਤੀ ਵਿਚ ਵਿਅਕਤੀ ਲਈ ਰੋਹ-ਵਿਦਰੋਹ ਜਾਂ ਆਤਮ-ਸਮਰਪਣ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਬਚਦਾ। ਇਹ ਗੱਲ ਖ਼ਾਸ ਤੌਰ ਤੇ ਪ੍ਰਵਾਸੀਆਂ ਦੀ ਪਹਿਲੀ ਪੀੜ੍ਹੀ ਉੱਤੇ ਲਾਗੂ ਹੁੰਦੀ ਹੈ। ਇਸ ਤਰ੍ਹਾਂ ਦਰਸ਼ਨ ਧੀਰ ਦਾ ਇਹ ਨਾਵਲ ਆਪਣੇ ਸਿਰਜਿਤ ਪ੍ਰਵਚਨ ਰਾਹੀਂ ਪ੍ਰਵਾਸੀ ਜੀਵਨ ਦੇ ਯਥਾਰਥ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਵਲ ਰੁਚਿਤ ਹੁੰਦਾ ਹੈ। ਲੇਖਕ ਦੀ ਖ਼ੂਬੀ ਇਹ ਹੈ ਕਿ ਉਸਨੇ ਇਸ ਸਥਿਤੀ ਨੂੰ ਰਚਨਾਕਾਰ ਦੇ ਦ੍ਰਿਸ਼ਟੀ-ਬਿੰਦੂ - authorial point of view - ਦੀ ਵਿਚੋਲਗੀ ਰਾਹੀਂ ਪੇਸ਼ ਕਰਨ ਦੀ ਬਜਾਇ ਘਟਨਾਵੀ ਵਿਵੇਕ ਰਾਹੀਂ ਸੰਗਠਿਤ ਕੀਤਾ ਹੈ। ਉਸਨੇ ਕਿਸੇ ਵੀ ਸਥਿਤੀ ਜਾਂ ਕਿਰਦਾਰ ਬਾਰੇ ਵਿਅਕਤੀਗਤ ਟਿਪਣੀਆਂ ਦੇਣ ਤੋਂ ਗ਼ੁਰੇਜ਼ ਕੀਤਾ ਹੈ। ਸਮੁੱਚੇ ਨਾਵਲੀ ਬਿਰਤਾਂਤ ਵਿਚ ਲੇਖਕ ਆਪ ਨਹੀਂ ਬੋਲਦਾ ਸਗੋਂ ਇਸ ਵਿਚਲੀਆਂ ਘਟਨਾਵਾਂ ਅਤੇ ਸਥਿਤੀਆਂ ਬੋਲਦਆਂ ਹਨ। ਇਨ੍ਹਾਂ ਮਾਨਵ-ਦੋਖੀ ਸਥਿਤੀਆਂ ਹੱਥੋਂ ਸਤਾਏ ਹੋਏ ਪਾਤਰ ਬੋਲਦੇ ਹਨ ਜੋ ਆਪਣੇ ਮਨੋਸੰਤਾਪ ਨੂੰ ਜ਼ੁਬਾਨ ਦਿੰਦੇ ਹਨ ਅਤੇ ਵੇਲਾ ਵਿਹਾ ਚੁੱਕੀ ਰੂੜ੍ਹੀਵਾਦੀ ਮਾਨਸਿਕਤਾ ਦਾ ਪਾਜ ਉਘਾੜਦੇ ਹਨ। ਇਹੀ ਇਸ ਨਾਵਲ ਦੀ ਅਰਥ-ਸਾਰਥਕਤਾ ਦਾ ਕੇਂਦਰ-ਬਿੰਦੂ ਹੈ।

ਨਾਵਲ ਵਿਚ ਪੇਸ਼ ਹੋਈਆਂ ਇਨ੍ਹਾਂ ਸਥਿਤੀਆਂ ਨਾਲ ਜੁੜਿਆ ਹੋਇਆ ਇਕ ਪਹਿਲੂ ਹੋਰ ਵੀ ਹੈ। ਇਹ ਪ੍ਰਵਾਸੀ ਭਾਈਚਾਰਿਆਂ ਦੀ ਆਲ ਦੁਆਲੇ ਨਾਲੋਂ ਸਭਿਆਚਾਰਕ ਤੌਰ ਤੇ ਕੱਟੀ ਹੋਈ ghetto ਵਰਗੀ ਹੋਂਦ-ਅਵਸਥਾ ਨੂੰ ਵੀ ਮੂਰਤੀਮਾਨ ਕਰਦੀਆਂ ਹਨ ਜੋ ਓਪਰੇ ਸਮਾਜ-ਸਭਿਆਚਾਰ ਵਿਚ ਜਿਉਣ ਦਾ ਸੁਭਾਵਕ ਲੱਛਣ ਹੋ ਨਿਬੜਦਾ ਹੈ। ਨਸਲੀ ਵਿਤਕਰੇ ਦੀ ਚੇਤ-ਅਚੇਤੀ ਮਾਰ ਤੋਂ ਬਚਣ ਲਈ ਸਮੂਹ ਪ੍ਰਵਾਸੀ ਭਾਈਚਾਰੇ ਆਪਣਿਆਂ ਦੀ ਭੀੜ ਵਿਚ ਹੀ ਸੁਰੱਖਿਆ ਤਲਾਸ਼ ਕਰਦੇ ਹਨ। ਮਰਜ਼ੀ ਜਾਂ ਮਜਬੂਰੀ ਕਾਰਣ ਇਕ ਇਲਾਕੇ ਦੀ ਸੀਮਿਤ ਵਲਗਣ ਵਿਚ ਸਿਮਟੇ ਪ੍ਰਵਾਸੀ ਘਰੋਂ ਪਾਰ ਘਰ ਹੀ ਨਹੀਂ ਵਸਾਉਂਦੇ ਸਗੋਂ ਆਪਣੇ ਨਾਲ ਆਪਣੀ ਦੇਸੀ ਰਹਿਤਲ ਅਤੇ ਜਾਤ-ਗੋਤ ਦੀਆਂ ਦਰਜੇਬੰਦੀਆਂ ਵੀ ਲਈ ਆਉਂਦੇ ਹਨ ਜੋ ਬਦਲੇ ਹੋਏ ਮਾਨਵੀ ਯਥਾਰਥ ਨਾਲ ਮੇਲ ਨਹੀਂ ਖਾਂਦੀਆਂ। ਵਿਅਕਤੀਵਾਦੀ ਕਦਰਾਂ-ਕੀਮਤਾਂ ਅਤੇ ਉਦਾਰ ਮਾਨਵਵਾਦੀ ਮਾਹੌਲ ਵਿਚ ਪਲੀ-ਵਿਗਸੀ ਨਵੀਂ ਪੀੜ੍ਹੀ ਲਈ ਤਾਂ ਇਹ

ਰੂੜ੍ਹੀਵਾਦੀ ਸੰਸਕਾਰ ਡੂੰਘੇ ਸੰਕਟ ਅਤੇ ਸੰਤਾਪ ਨੂੰ ਜਨਮ ਦਿੰਦੇ ਹਨ। ਇਹ ਗੱਲ ਸਿਰਫ਼ ਪੰਜਾਬੀ ਜਾਂ ਏਸ਼ੀਅਨ ਪ੍ਰਵਾਸੀਆਂ ਉੱਪਰ ਹੀ ਨਹੀਂ ਸਗੋਂ ਸਮੂਹ ਪ੍ਰਵਾਸੀਆਂ ਉੱਪਰ ਲਾਗੂ ਹੁੰਦੀ ਹੈ। ਨਸਲੀ ਵਿਤਕਰੇ ਕਾਰਣ ਸਾਮਾਜਿਕ ਅਤੇ ਸਭਿਆਚਾਰਕ ਤੌਰ ਤੇ ਹਾਸ਼ੀਏ ਉੱਤੇ ਸੁੱਟੇ ਗਏ ਮਾਨਵ-ਸਮੂਹ ਕਿਸੇ ਹੱਦ ਤਕ ਇਸੇ ਕਿਸਮ ਦੀ ਪ੍ਰਤਿਕਿਰਿਆ ਦਰਸਾਉਂਦੇ ਹਨ। ਨਾਵਲ ਦਾ ਸਿਰਜਿਤ ਪ੍ਰਵਚਨ ਇਸੇ ਕਿਸਮ ਦੀ ਵਿਆਪਕ ਸਭਿਆਚਾਰਕ ਸਥਿਤੀ ਨੂੰ ਉਸਾਰਦਾ ਹੈ। ਪੰਜਾਬੀ ਡਾਇਸਪੋਰਾ ਆਪਣੇ ਸੁਪਨਿਆਂ ਦੀ ਇਕਰਾਰੀ ਧਰਤੀ ਦੀ ਤਲਾਸ਼ ਵਿਚ ਹਰ ਤਰ੍ਹਾਂ ਦੀਆਂ ਔਕੜਾਂ ਝੱਲਣ ਨੂੰ ਤਿਆਰ ਹੈ। ਇਹ ਰਸਤਾ ਕਈ ਤਰ੍ਹਾਂ ਦੇ ਮਕਰ-ਫ਼ਰੇਬਾਂ, ਏਜੰਟਾਂ ਅਤੇ ਵਿਚ-ਵਿਚੋਲਿਆਂ ਦੀ ਲੁੱਟ-ਖਸੁੱਟ ਤੋਂ ਲੈ ਕੇ ਖ਼ਤਰਿਆਂ ਭਰੇ ਨਾਜਾਇਜ਼ ਢੰਗ-ਤਰੀਕਿਆ ਵਿਚੋਂ ਗੁਜ਼ਰਦਾ ਹੋਇਆ ਕਾਮਯਾਬੀ ਜਾਂ ਨਾਕਾਮੀ ਤਕ ਅੱਪੜਦਾ ਹੈ। ਦਰਸ਼ਨ ਧੀਰ ਦਾ ਇਹ ਨਾਵਲ ਪ੍ਰਵਾਸ ਦੇ ਇਸੇ ਮੁੱਢਲੇ ਪੜਾਉ ਦੀਆਂ ਦਿੱਕਤਾਂ ਅਤੇ ਦੁਸ਼ਵਾਰੀਆਂ ਨੂੰ ਹੀ ਸੰਬੋਧਿਤ ਹੁੰਦਾ ਹੈ। ਉਹ ਪੰਜਾਬੀ ਡਾਇਸਪੋਰਾ ਦੀ ਵਰਤਮਾਨ ਸਥਿਤੀ, ਉਸਦੀ ਦਿਨੋ-ਦਿਨ ਪ੍ਰਫੁਲੱਤ ਰਹੀ ਆਰਥਿਕ ਹੈਸੀਅਤ ਅਤੇ ਆਲ-ਦੁਆਲੇ ਨਾਲ ਵਧ ਰਹੀ ਸਭਿਆਚਾਰਕ ਅੰਤਰ-ਕਿਰਿਆ ਨਾਲ ਆਪਣਾ ਸਰੋਕਾਰ ਨਹੀਂ ਜੋੜਦਾ ਅਤੇ ਨਾ ਹੀ ਉਸਦੀ ਜੀਵਨ-ਵਿਧੀ ਦੇ ਨਵੇਂ ਸਮੱਸਿਆਕਾਰਾਂ ਨੂੰ ਮੂਰਤੀਮਾਨ ਕਰਨ ਦਾ ਉਪਰਾਲਾ ਕਰਦਾ ਹੈ, ਜਿਹਾ ਕਿ ਉਸਦੇ ਕਈ ਸਮਕਾਲੀ ਨਾਵਲਕਾਰਾਂ ਅਤੇ ਖ਼ੁਦ ਉਸਨੇ **ਇਹ ਲੋਕ**, **ਲਕੀਰਾਂ ਤੇ ਮਨੁੱਖ** ਅਤੇ **ਪੈੜਾਂ ਦੇ ਆਰ ਪਾਰ** ਵਰਗੇ ਆਪਣੇ ਪਹਿਲੇ ਨਾਵਲਾਂ ਵਿਚ ਕੀਤਾ ਹੈ। ਇਹੀ ਕਾਰਣ ਹੈ ਕਿ ਇਹ ਨਾਵਲ ਪੰਜਾਬੀ ਡਾਇਸਪੋਰਾ ਦੀ ਸਥਿਤੀ ਅਤੇ ਮਾਨਸਿਕਤਾ ਦੇ ਨਿਰੂਪਣ ਨੂੰ ਇਕ ਕਦਮ ਪਿੱਛੇ ਲੈ ਜਾਂਦਾ ਹੈ।

ਰਣਭੂਮੀ ਨਾਵਲ ਦੀ ਅਰਥ-ਸਾਰਥਕਤਾ ਦਾ ਅਧਾਰ ਉਸ ਵਿਚਲੇ ਮੁਖ-ਪਾਤਰਾਂ ਉਪਰ ਟਿਕਿਆ ਹੋਇਆ ਹੈ। ਇਸ ਮੰਤਵ ਲਈ ਇਨ੍ਹਾਂ ਪਾਤਰਾਂ ਦੇ ਮਨੋਯਥਾਰਥ ਦਾ ਵਿਸ਼ਲੇਸ਼ਣ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ। ਸੱਭ ਤੋਂ ਪਹਿਲਾਂ ਕਰਮਜੀਤ ਦੀ ਗੱਲ ਕੀਤੀ ਜਾ ਸਕਦੀ ਹੈ। ਕਰਮਜੀਤ ਇਸ ਨਾਵਲ ਦਾ ਮੁੱਖ-ਪਾਤਰ ਤਾਂ ਹੈ ਪਰ ਉਸ ਵਿਚ ਨਾਇਕ ਵਾਲੀ ਗਹਿਰਾਈ ਅਤੇ ਗੌਰਵ ਨਹੀਂ। ਇਹ ਪਾਤਰ ਆਪਣੇ ਰੋਮਾਨੀ ਪਿਆਰ-ਸੰਬੰਧ ਨੂੰ ਪੁਗਾਉਣ ਲਈ ਹਰ ਸੰਭਵ ਜਤਨ ਕਰਦਾ ਹੈ। ਜ਼ਮੀਨ-ਜਾਇਦਾਦ ਵੇਚ ਕੇ ਗ਼ੈਰ-ਕਾਨੂਨੀ ਢੰਗ ਨਾਲ ਸਮੁੰਦਰੀ ਸਫ਼ਰ ਰਾਹੀਂ ਅਥਾਹ ਯਾਤਨਾਵਾਂ ਝੱਲਦਾ ਹੋਇਆ ਕਿਵੇਂ ਨਾ ਕਿਵੇਂ ਆਪਣੇ ਨਜ਼ਦੀਕੀ ਰਿਸ਼ਤੇਦਾਰ ਪਾਸ ਇੰਗਲੈਂਡ ਪਹੁੰਚਦਾ ਹੈ ਅਤੇ ਆਪਣੇ ਹੀ ਦੇਸੀ ਭਾਈ-ਬੰਦਾਂ ਦੇ ਆਰਥਕ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਇੰਨੇ ਤਸੀਹੇ ਜਰਨ ਤੇ ਵੀ ਉਸਨੂੰ ਆਪਣੀ ਮੰਜ਼ਿਲ ਨਹੀਂ ਮਿਲਦੀ। ਰਵਿੰਦਰ ਕਿਧਰੇ ਹੋਰ ਵਿਆਹੀ ਜਾਂਦੀ ਹੈ ਅਤੇ ਉਸਦਾ ਵਿਆਹ ਪਰਮਿੰਦਰ ਨਾਲ ਹੋ ਜਾਂਦਾ ਹੈ। ਮਨ-ਚਾਹੇ ਰਿਸ਼ਤੇ ਦੀ ਮਹਿਰੂਮੀ ਦਾ ਦਰਦ ਹੰਢਾਉਂਦਾ ਹੋਇਆ ਕਰਮਜੀਤ ਆਪਣੀ ਸਥਿਤੀ ਨਾਲ ਸਮਝੌਤਾ ਤਾਂ ਕਰ ਲੈਂਦਾ ਹੈ ਪਰ ਉਹ ਪਹਿਲਾਂ ਵਾਲਾ ਕਰਮਜੀਤ ਨਹੀਂ ਰਹਿੰਦਾ। ਜਦੋਂ ਬਰਮਿੰਗਮ ਦੇ ਸਟੇਸ਼ਣ ਉੱਤੇ ਅਚਾਨਕ ਉਸਨੂੰ ਰਵਿੰਦਰ ਮਿਲ ਪੈਂਦੀ ਹੈ ਤਾਂ ਇਕ ਵਾਰੀ ਫੇਰ ਉਸਦੇ ਮਨ ਵਿਚ ਪਹਿਲਾਂ ਵਾਲੀ ਰੋਮਾਨੀ ਲਾਲਸਾ ਤਾਂ ਜਾਗਦੀ ਹੈ ਪਰ ਬਦਲੀਆਂ ਹੋਈਆਂ ਸਥਿਤੀਆਂ ਵਿਚ ਹੁਣ ਉਸਨੂੰ ਚੋਰ-ਮੋਰੀ ਤੋਂ ਇਲਾਵਾ ਕੋਈ ਹੋਰ ਰਸਤਾ ਦਿਖਾਈ ਨਹੀਂ ਦਿੰਦਾ। ਪਰ ਜਦੋਂ ਉਸਨੂੰ ਰਵਿੰਦਰ ਪਾਸੋਂ ਇਸਦਾ ਹੁੰਘਾਰਾ ਨਹੀਂ ਮਿਲਦਾ ਤਾਂ ਉਹ ਨਿਰ-ਉਤਸਾਹਿਤ ਹੋ ਕੇ ਬੈਠ ਜਾਂਦਾ ਹੈ। ਉਸ ਵਿਚ ਸੰਸਥਾਗਤ ਰਵਾਇਤਾਂ ਨਾਲ ਨਵੇਂ ਸਿਰਿਉਂ ਟੱਕਰ ਲੈਣ ਦੀ ਹਿੰਮਤ

ਨਹੀਂ ਰਹਿੰਦੀ ਸਗੋਂ ਖ਼ੁਦ ਓਸੇ ਸੰਸਥਾ ਦਾ ਰਾਖਾ ਬਣ ਬਹਿੰਦਾ ਹੈ। ਉਹ ਆਪਣੀ ਧੀ ਨਵਕਿਰਨ ਨੂੰ ਅੰਤਰ-ਜਾਤੀ ਵਿਆਹ ਤੋਂ ਨਿਰਾ ਵਰਜਦਾ ਨਹੀਂ ਸਗੋਂ ਉਸਦੇ ਵਿਦਰੋਹ ਨੂੰ ਹਰ ਹੀਲੇ ਦਬਾਉਣ ਦੇ ਆਹਰ ਵਿਚ ਜੁਟ ਜਾਂਦਾ ਹੈ। ਉਹ ਪੌਂਡਾਂ ਦੀ ਅੰਨ੍ਹੀ ਦੌੜ ਵਿਚ ਪੈ ਜਾਂਦਾ ਹੈ। ਝੂਠੇ ਸਿੱਕ-ਨੋਟ ਬਣਵਾ ਕੇ ਸਰਕਾਰ ਨੂੰ ਠਗਦਾ ਹੈ ਅਤੇ ਵਿੱਤੋਂ ਬਾਹਰੀ ਮਿਹਨਤ ਕਰਦਾ ਹੈ। ਉਸਦਾ ਸਹਿਜ ਮਾਨਵੀ ਸਨੇਹ ਕਿਧਰੇ ਗੁੰਮ ਗੁਆਚ ਜਾਂਦਾ ਹੈ। ਇਸ ਤਰ੍ਹਾਂ ਇਹ ਨਾਵਲ ਇਸ ਪਾਤਰ ਦੇ ਵਿਗਠਨ ਦਾ ਬਿਰਤਾਂਤ ਉਸਾਰਦਾ ਹੈ।

ਨਾਵਲ ਦੇ ਦੋ ਹੋਰ ਪਾਤਰਾਂ - ਰਵਿੰਦਰ ਅਤੇ ਪਰਮਿੰਦਰ - ਨਾਲ ਵੀ ਇਹੋ ਕੁਝ ਵਾਪਰਦਾ ਹੈ। ਇਹ ਪਾਤਰ ਵੀ ਅਣਚਾਹੇ ਰਿਸ਼ਤੇ ਦਾ ਦਰਦ ਹੰਢਾਉਂਦੇ ਹੋਏ ਆਪਣੇ ਵਿਗਠਿਤ ਹੋ ਰਹੇ ਕਿਰਦਾਰ ਨੂੰ ਸਾਂਭਣ ਦਾ ਜਤਨ ਕਰਦੇ ਹਨ। ਰਵਿੰਦਰ ਦਾ ਪਤੀ ਕਿਸੇ ਗੋਰੀ ਪਿੱਛੇ ਉਸਨੂੰ ਛੱਡ ਜਾਂਦਾ ਹੈ। ਉਹ ਆਪਣੀ ਇਕੱਲ ਦੀ ਉਦਾਸੀ ਵਿਚ ਡੁੱਬ ਜਾਂਦੀ ਹੈ ਪਰ ਆਪਣੀ ਬੱਚੀ ਖ਼ਾਤਿਰ ਸੰਸਥਾ ਅਤੇ ਮਰਿਆਦਾ ਦੀ ਉਲੰਘਣਾ ਨਹੀਂ ਕਰਦੀ। ਇਸੇ ਤਰ੍ਹਾਂ ਹਰਦੇਵ ਰੀਹਲ ਦੇ ਪਿਆਰ-ਸੰਬੰਧ ਤੋਂ ਵਿਛੁੰਨੀ ਪਰਮਿੰਦਰ ਕਰਮਜੀਤ ਨੂੰ ਪਾ ਕੇ ਵੀ ਨਹੀਂ ਪਾਉਂਦੀ। ਉਹ ਸੰਸਥਾ ਦੇ ਦਬਾਉ ਅਧੀਨ ਇਸ ਅਣਚਾਹੇ ਰਿਸ਼ਤੇ ਨੂੰ ਨਕਾਰਨ ਦਾ ਹੀਆ ਨਹੀਂ ਕਰਦੀ। ਇਸ ਸਥਿਤੀ ਦਾ ਇਕੋ ਇਕ ਅਪਵਾਦ ਨਵਕਿਰਨ ਦੇ ਰੂਪ ਵਿਚ ਸਾਮ੍ਹਣੇ ਆਉਂਦਾ ਹੈ। ਨਵਕਿਰਨ ਅਜੈ ਨਾਲ ਆਪਣੇ ਪਿਆਰ-ਸੰਬੰਧ ਨੂੰ ਪੁਗਾਉਣ ਲਈ ਰੂੜ੍ਹੀਵਾਦੀ ਪਰੰਪਰਾਵਾਂ ਅਤੇ ਸੰਸਥਾਗਤ ਕਦਰਾਂ-ਕੀਮਤਾਂ ਦਾ ਸਿਦਕ-ਦਿਲੀ ਨਾਲ ਮੁਕਾਬਲਾ ਕਰਦੀ ਹੈ। ਉਹ ਪ੍ਰਵਾਸੀਆਂ ਦੀ ਨਵੀਂ ਪੀੜ੍ਹੀ ਦੀ ਰੂਪਾਂਤਰਿਤ ਹੋ ਰਹੀ ਮਾਨਸਿਕਤਾ ਦੀ ਪ੍ਰਤਿਨਿਧਤਾ ਕਰਦੀ ਹੈ ਅਤੇ ਨਾਵਲੀ ਪ੍ਰਵਚਨ ਦੀ ਭਵਿੱਖਾਰਥੀ ਦਿਸ਼ਾ ਵਲ ਸੰਕੇਤ ਕਰਦੀ ਹੈ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਦਰਸ਼ਨ ਧੀਰ ਦਾ ਇਹ ਨਾਵਲ ਆਲੋਚਨਾਤਮਕ ਯਥਾਰਥਵਾਦ ਦੀ ਪਰੰਪਰਕ ਵਿਧੀ ਨੂੰ ਨਾਵਲੀ ਸਿਰਜਣਾ ਦਾ ਆਧਾਰ ਬਣਾਉਂਦਾ ਹੈ ਅਤੇ ਪ੍ਰਵਾਸ ਦਾ ਦਸਤਾਵੇਜ਼ੀ ਬਿਰਤਾਂਤ ਉਸਾਰਦਾ ਹੈ। ਭਾਵੇਂ ਇਸ ਦਸਤਾਵੇਜ਼ੀ ਬਿਰਤਾਂਤ ਵਿਚ ਪ੍ਰਵਾਸੀ ਜੀਵਨ-ਅਨੁਭਵ ਨਾਲ ਸੰਬੰਧਿਤ ਅਨੇਕਾਂ ਹੋਰ ਮਸਲਿਆਂ - ਜਿਵੇਂ ਨਸਲੀ ਵਿਤਕਰਾ, ਸਭਿਆਚਾਰਕ ਤਣਾਉ ਅਤੇ ਟਕਰਾਉ ਆਦਿ - ਨੂੰ ਸ਼ਾਮਿਲ ਨਹੀਂ ਕੀਤਾ ਗਿਆ ਪਰ ਉਸ ਲਈ ਅਜਿਹਾ ਕਰਨਾ ਜ਼ਰੂਰੀ ਵੀ ਨਹੀਂ ਸੀ। ਹਰ ਲੇਖਕ ਆਪਣੇ ਸਿਰਜਣਾ ਕਾਰਜ ਲਈ ਵਿਸ਼ੈਗਤ ਸਰੋਕਾਰਾਂ ਦੀ ਚੋਣ ਕਰਦਾ ਹੈ। ਉਸਦੀ ਸਿਰਜਣਾ ਦਾ ਮੁੱਲਾਂਕਣ ਵੀ ਉਸਦੀ ਚੋਣ ਦੇ ਆਧਾਰ ਤੇ ਹੀ ਕੀਤਾ ਜਾ ਸਕਦਾ ਹੈ। ਪੰਜਾਬੀ ਦੇ ਹੋਰਨਾਂ ਪ੍ਰਵਾਸੀ ਨਾਵਲਕਾਰਾਂ ਨੇ ਆਪੋ ਆਪਣੇ ਢੰਗ ਨਾਲ ਇਨ੍ਹਾਂ ਮਸਲਿਆਂ ਨਾਲ ਵਿਸ਼ੈਗਤ ਸਰੋਕਾਰ ਜੋੜਨ ਦਾ ਉਪਰਾਲਾ ਕੀਤਾ ਹੈ ਜੋ ਆਪਣੇ ਆਪ ਵਿਚ ਮਹੱਤਵਪੂਰਣ ਹੈ। ਹਕੀਕਤ ਇਹ ਹੈ ਕਿ ਦਰਸ਼ਨ ਧੀਰ ਨੇ ਬਿਰਤਾਂਤ ਦੇ ਫੋਕਸ ਵਿਚ, ਆਪਣੀ ਚੋਣ ਅਨੁਸਾਰ, ਪ੍ਰਵਾਸ ਦੇ ਇਕੋ ਇਕ ਪਰ ਕੇਂਦਰੀ ਮਹੱਤਵ ਵਾਲੇ ਪਾਸਾਰ ਨੂੰ ਰੱਖਿਆ ਹੈ।ਇਹ ਨਾਵਲ ਰੂੜ੍ਹੀਵਾਦੀ ਸੰਸਕਾਰਾਂ ਅਤੇ ਸੰਸਥਾਵਾਂ ਦੁਆਲੇ ਘੁੰਮਦੇ ਪਰਿਵਾਰਿਕ ਬਿਰਤਾਂਤ ਦੀ ਉਸਾਰੀ ਕਰਦਾ ਹੈ। ਇਹ ਇਸ ਤਰ੍ਹਾਂ ਪੰਜਾਬੀ ਡਾਇਸਪੋਰਾ ਦੀ ਵਰਤਮਾਨ ਬਹੁ-ਪਾਸਾਰੀ ਜਟਿਲ ਹੋਂਦ ਦਾ ਸਮੱਸਿਆਕਾਰ ਨਹੀਂ ਉਸਾਰਦਾ ਸਗੋਂ ਉਸਦੇ ਇਕ-ਇਕਿਹਰੇ ਪੱਖ ਨਾਲ ਹੀ ਸਿਰਜਣਾ ਦਾ ਸਰੋਕਾਰ ਜੋੜਦਾ ਹੈ। ਤਾਂ ਵੀ ਇਹ ਘਟਨਾਵਾਂ ਅਤੇ ਸਥਿਤੀਆਂ ਦੇ ਵਿਵੇਕ ਰਾਹੀਂ ਪ੍ਰਵਾਸੀ ਬੰਦੇ ਦੀ ਅੰਤਰ-ਵਿਰੋਧਾਂ ਵਿਚ

ਘਿਰੀ ਹੋਂਦ ਅਤੇ ਮਾਨਸਿਕਤਾ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਇਸੇ ਵਿਚ ਇਸ ਨਾਵਲ ਦੀ ਅਰਥ-ਸਾਰਥਕਤਾ ਦਾ ਰਹੱਸ ਛੁਪਿਆ ਹੋਇਆ ਹੈ।